# Year 1 ਨੰਬਰ ਸਕ੍ਰੀਨਿੰਗ ਚੈੱਕ

ਮਾਪਿਆਂ ਅਤੇ ਸੰਭਾਲ ਕਰਤਾਵਾਂ ਵਾਸਤੇ ਜਾਣਕਾਰੀ



## Year 1 ਨੰਬਰ ਸਕ੍ਰੀਨਿੰਗ ਚੈੱਕ ਕੀ ਹੈ?

Year 1 ਨੰਬਰ ਸਕ੍ਰੀਨਿੰਗ ਚੈੱਕ (Year 1 Number Screening Check) ਸੰਖੇਪ ਰੂਪ ਵਿੱਚ ਇਕ ਰਾਜ ਵਿਆਪੀ ਮੁਲਾਂਕਣ ਹੈ ਜੋ ਅਧਿਆਪਕਾਂ ਨੂੰ ਦੱਸਦਾ ਹੈ ਕਿ ਤੁਹਾਡਾ ਬੱਚਾ ਅੰਕਾਂ ਦੀ ਸ਼ੁਰੂਆਤੀ ਸਮਝ ਵਿੱਚ ਕਿਵੇਂ ਤਰੱਕੀ ਕਰ ਰਿਹਾ ਹੈ। ਇਹ ਪੜਤਾਲੀਆ ਜਾਂਚ ਦੇਖਦੀ ਹੈ ਕਿ ਤੁਹਾਡਾ ਬੱਚਾ ਕਿਵੇਂ ਅੰਕਾਂ ਦੀ ਪਛਾਣ ਕਰ ਸਕਦਾ ਹੈ, ਤਰਤੀਬਵਾਰ ਕਰ ਸਕਦਾ ਹੈ, ਗਿਣਤੀ ਕਰ ਸਕਦਾ ਹੈ, ਤੁਲਨਾ ਕਰ ਸਕਦਾ ਹੈ, ਅਤੇ ਜੋੜ ਅਤੇ ਘਟਾਅ ਕਰ ਸਕਦਾ ਹੈ।

ਤੁਹਾਡਾ ਬੱਚਾ ਅਧਿਆਪਕ ਦੇ ਨਾਲ ਬੈਠੇਗਾ ਅਤੇ ਉਸ ਨੂੰ ਲੱਗਭਗ 30 ਸਵਾਲਾਂ ਦੇ ਜਵਾਬ ਦੇਣ ਲਈ ਕਿਹਾ ਜਾਵੇਗਾ। ਜਾਂਚ ਨੂੰ ਆਮ ਤੌਰ 'ਤੇ **10 ਤੋਂ 15** ਮਿੰਟ ਲੱਗਦੇ ਹਨ। Year 1 Number Screening Check ਨੂੰ ਬੜੇ ਧਿਆਨ ਨਾਲ ਤਿਆਰ ਕੀਤਾ ਗਿਆ ਹੈ ਤਾਂ ਜੋ ਇਹ ਤੁਹਾਡੇ ਬੱਚੇ ਵਾਸਤੇ ਤਣਾਅਪੂਰਨ ਨਾ ਹੋਵੇ। ਜੇ ਤੁਹਾਡਾ ਬੱਚਾ ਸੰਘਰਸ਼ ਕਰ ਰਿਹਾ ਹੈ ਤਾਂ ਅਧਿਆਪਕ ਜਾਂਚ ਨੂੰ ਰੋਕ ਦੇਵੇਗਾ।

Year 1 Number Screening Check ਦਾ ਮੁੱਖ ਮਕਸਦ ਤੁਹਾਡੇ ਬੱਚੇ ਦੇ ਅਧਿਆਪਕ ਨੂੰ ਅਜਿਹੀ ਜਾਣਕਾਰੀ ਪ੍ਰਦਾਨ ਕਰਵਾਉਣਾ ਹੈ ਜੋ ਉਨ੍ਹਾਂ ਨੂੰ ਤੁਹਾਡੇ ਬੱਚੇ ਦੀ ਪੜ੍ਹਾਈ ਵਾਸਤੇ ਯੋਜਨਾ ਬਣਾਉਣ ਦੇ ਯੋਗ ਬਣਾਵੇਗੀ। Year 1 ਦੇ ਸਾਰੇ ਬੱਚਿਆਂ ਦਾ ਅਧਿਆਪਕ ਦੁਆਰਾ ਵਿਅਕਤੀਗਤ ਤੌਰ 'ਤੇ ਮੁਲਾਂਕਣ ਕੀਤਾ ਜਾਵੇਗਾ।

ਜੇ Year 1 Number Screening Check ਬਾਰੇ ਤੁਹਾਡੇ ਕੋਈ ਸਵਾਲ ਹਨ ਤਾਂ ਆਪਣੇ ਸਕੂਲ ਨਾਲ ਸੰਪਰਕ ਕਰੋ।

## ਅੰਕਾਂ ਦੀ ਸਮਝ ਕੀ ਚੀਜ਼ ਹੈ?

ਅੰਕਾਂ ਦੀ ਸਮਝ ਰੋਜ਼ਾਨਾ ਜ਼ਿੰਦਗੀ ਵਿੱਚ ਹਿੱਸਾ ਲੈਣ ਅਤੇ ਸੰਸਾਰ ਨੂੰ ਸਮਝਣ ਲਈ ਅੰਕਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸਮਝਣ, ਉਹਨਾਂ ਨਾਲ ਆਪਣੇ ਆਪ ਨੂੰ ਜੋੜਨ ਅਤੇ ਇਨ੍ਹਾਂ ਨਾਲ ਕੰਮ ਕਰਨ ਦੀ ਯੋਗਤਾ ਹੈ। ਕੁਝ ਬੱਚਿਆਂ ਨੂੰ ਅੰਕਾਂ ਦੀ ਸਮਝ ਚੁਣੌਤੀਪੂਰਨ ਲੱਗਦੀ ਹੈ, ਇਸ ਲਈ ਇਹ ਮਹੱਤਵਪੂਰਨ ਹੈ ਕਿ ਇਨ੍ਹਾਂ ਬੱਚਿਆਂ ਦੀ ਜਲਦੀ ਪਛਾਣ ਕੀਤੀ ਜਾਵੇ। ਇਸ ਤਰੀਕੇ ਨਾਲ, ਅਧਿਆਪਕ ਕਿਸੇ ਵੀ ਵਿਸ਼ੇਸ਼ ਸਹਾਇਤਾ ਦੀ ਯੋਜਨਾ ਬਣਾ ਸਕਦੇ ਹਨ ਜਿਸ ਦੀ ਉਨ੍ਹਾਂ ਨੂੰ ਲੋੜ ਪੈ ਸਕਦੀ ਹੈ।

## ਅੰਕਾਂ ਦੀ ਸਮਝ ਕਿਉਂ ਮਹੱਤਵਪੂਰਨ ਹੈ?

ਅੰਕਾਂ ਦੀ ਸਮਝ ਵਿੱਚ ਇਕ ਵਧੀਆ ਬੁਨਿਆਦ ਤੁਹਾਡੇ ਬੱਚੇ ਨੂੰ ਪ੍ਰਾਇਮਰੀ ਸਕੂਲ ਦੇ ਬਾਅਦ ਵਾਲੇ ਸਾਲਾਂ ਅਤੇ ਹਾਈ ਸਕੂਲ ਵਿੱਚ ਵਧੇਰੇ ਗੁੰਝਲਦਾਰ ਗਣਿਤ ਦੇ ਸੰਕਲਪਾਂ ਨੂੰ ਸਮਝਣ ਵਿੱਚ ਸਹਾਇਤਾ ਕਰਦੀ ਹੈ।

## ਟੈਲੀਫੋਨ ਦੁਭਾਸ਼ੀਆ ਸੇਵਾ

ਜੇ ਸਕੂਲ ਨਾਲ ਸੰਪਰਕ ਕਰਨ ਲਈ ਤੁਹਾਨੂੰ ਦੁਭਾਸ਼ੀਏ ਦੀ ਮਦਦ ਦੀ ਲੋੜ ਹੈ, ਤਾਂ ਕਿਰਪਾ ਕਰਕੇ 131 450 ਨੂੰ ਫ਼ੋਨ ਕਰੋ, ਔਪਰੇਟਰ ਨੂੰ ਦੱਸੋ ਕਿ ਤੁਹਾਨੂੰ ਕਿਹੜੀ ਭਾਸ਼ਾ ਦੀ ਲੋੜ ਹੈ ਅਤੇ ਉਨ੍ਹਾਂ ਨੂੰ ਸਕੂਲ ਨੂੰ ਫ਼ੋਨ ਕਰਨ ਲਈ ਕਹੋ। ਔਪਰੇਟਰ ਗੱਲਬਾਤ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਦੁਭਾਸ਼ੀਏ ਨੂੰ ਲਾਈਨ 'ਤੇ ਲਿਆਵੇਗਾ। ਇਸ ਸੇਵਾ ਲਈ ਤੁਹਾਥੋਂ ਕੋਈ ਖ਼ਰਚਾ ਨਹੀਂ ਲਿਆ ਜਾਵੇਗਾ।